**ਪੰਜਾਬ ਸਰਕਾਰ**
**ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਪੰਜਾਬ**
**(ਮਕਾਨ ਉਸਾਰੀ-2 ਸ਼ਾਖਾ)**

## ਨੋਟੀਫੀਕੇਸ਼ਨ

ਮਿਤੀ 15/ ਦਸੰਬਰ, 2016

ਨੰ:.18/69/2016-5ਮਉ2/ 891862/1 ਪੰਜਾਬ ਰਾਜ ਅੰਦਰ Real Estate Sector ਵਿੱਚ ਆਏ ਆਰਥਿਕ ਮੰਦੇ ਦੇ ਸਨਮੁੱਖ Real Estate Developers ਨੂੰ ਦਰਪੇਸ਼ ਆਰਥਿਕ ਅਤੇ ਹੋਰ ਮਸ਼ਕਲਾਂ ਨੂੰ ਹੱਲ ਕਰਨ ਲਈ ਸਰਕਾਰ ਵੱਲੋਂ Real Estate Sector ਦੇ ਨੁਮਾਇੰਦਿਆਂ (CREDAI) ਨਾਲ ਮਿਤੀ 19.11.2016 ਨੂੰ ਕੀਤੀ ਗਈ ਮੀਟਿੰਗ ਦੇ ਫੈਸਲਿਆਂ ਦੇ ਸਨਮੁੱਖ ਇਸ ਸੈਕਟਰ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਦੇ ਰਾਜਪਾਲ ਪ੍ਰਸੰਨਤਾ-ਪੂਰਵਕ ਹੇਠ ਲਿਖੇ ਅਨੁਸਾਰ ਪਾਲਿਸੀ ਦੀ ਪ੍ਰਵਾਨਗੀ ਦਿੰਦੇ ਹਨ ਜੋ ਕਿ ਇਸ ਦੀ ਨੋਟੀਫੀਕੇਸ਼ਨ ਦੀ ਮਿਤੀ ਤੋਂ ਲਾਗੂ ਹੋਵੇਗੀ:-

1. ਜਿਨ੍ਹਾਂ ਪ੍ਰਮੋਟਰਾਂ ਵੱਲੋਂ ਆਪਣੀ ਬਕਾਇਆ EDC ਦੀ ਰਕਮ ਦਾ 50% ਜਾਂ ਇਸ ਤੋਂ ਵੱਧ ਸਬੰਧਤ ਅਥਾਰਿਟੀ ਨੂੰ ਅਦਾ ਕੀਤਾ ਹੋਇਆ ਹੈ ਉਨ੍ਹਾਂ ਪ੍ਰਮੋਟਰਾਂ ਨੂੰ ਬਕਾਇਆ ਰਹਿੰਦੀ ਰਾਸ਼ੀ (ਜਿਸ ਵਿੱਚ upto date ਵਿਆਜ ਵੀ ਸ਼ਾਮਿਲ ਹੋਵੇਗਾ) ਦੀ 10% ਰਕਮ ਲੈ ਕੇ ਅਤੇ ਜਿਨ੍ਹਾਂ ਪ੍ਰਮੋਟਰਾਂ ਵੱਲੋਂ EDC ਦੀ ਬਕਾਇਆ ਰਹਿੰਦੀ ਰਾਸ਼ੀ ਦਾ 50% ਤੋਂ ਘੱਟ ਅਥਾਰਿਟੀ ਨੂੰ ਅਦਾ ਕੀਤਾ ਹੋਇਆ ਹੈ ਉਨ੍ਹਾਂ ਨੂੰ ਬਕਾਇਆ ਰਹਿੰਦੀ ਰਾਸ਼ੀ (ਜਿਸ ਵਿੱਚ upto date ਵਿਆਜ ਵੀ ਸ਼ਾਮਿਲ ਹੋਵੇਗਾ) ਦੀ 15% ਰਕਮ ਲੈ ਕੇ ਮਿਤੀ 31.12.2017 ਤੱਕ moratorium ਦਿੱਤਾ ਜਾਵੇ। ਮਿਤੀ 01.01.2018 ਤੋਂ ਬਾਕੀ ਰਹਿੰਦੀ ਰਾਸ਼ੀ 6 ਬਰਾਬਰ ਤਿਮਾਹੀ ਕਿਸ਼ਤਾਂ ਵਿੱਚ ਵਸੂਲ ਕੀਤੀ ਜਾਵੇਗੀ। ਵਿਆਜ ਅਤੇ ਦੰਡ ਵਿਆਜ ਵਿਭਾਗ ਦੀ ਪਾਲਿਸੀ ਅਨੁਸਾਰ ਹੀ ਵਸੂਲਿਆ ਜਾਵੇਗਾ। Moratorium ਦੇ ਸਮੇਂ ਦੌਰਾਨ ਕਿਸੇ ਵੀ ਪ੍ਰਮੋਟਰ, ਜਿਸ ਨੇ ਉਪਰੋਕਤ ਦੱਸੇ ਅਨੁਸਾਰ charges ਅਦਾ ਕੀਤੇ ਹੋਣ, ਦਾ CLU, Layout Plan or Building Plan ਆਦਿ ਵਿਭਾਗ ਵੱਲੋਂ ਨਹੀਂ ਰੋਕਿਆ ਜਾਵੇਗਾ।
2. ਜਿਸ ਵਿਆਜ ਦਰ ਤੇ ਬੈਂਕਾਂ ਵੱਲੋਂ ਸਾਰੀਆਂ Special Authorities ਨੂੰ ਕਰਜਾ ਦਿੱਤਾ ਗਿਆ ਹੈ, ਪ੍ਰਮੋਟਰ ਵੱਲ EDC ਦੀ ਬਕਾਇਆ ਰਾਸ਼ੀ ਤੇ ਵਿਆਜ ਦੀ ਦਰ ਵੀ ਉਸ ਮੁਤਾਬਿਕ ਹੋਵੇਗੀ ਜੋ ਕਿ 9.5% ਹੋਵੇਗੀ। ਜੇਕਰ ਇਸ ਵਿਆਜ ਦਰ ਵਿੱਚ ਬੈਂਕ ਵੱਲੋਂ ਕੋਈ ਵਾਧਾ ਜਾਂ ਘਾਟਾ ਕੀਤਾ ਜਾਂਦਾ ਹੈ ਤਾਂ ਉਸ ਮੁਤਾਬਿਕ ਇਸ ਵਿਆਜ ਦਰ ਨੂੰ ਦੋਬਾਰਾ ਵਿਚਾਰ ਲਿਆ ਜਾਵੇਗਾ। ਇਹ ਸਾਰੀ ਸਥਿਤੀ ਦੇ ਸਨਮੁੱਖ penal ਵਿਆਜ ਦੀ ਦਰ 3% ਦੀ ਬਜਾਏ 1% ਹੋਵੇਗੀ। Moratorium period ਦੌਰਾਨ ਵਿਆਜ ਦੀ ਰਕਮ ਦੀ ਤਿਮਾਹੀ ਵਸੂਲੀ ਕੀਤੀ ਜਾਵੇਗੀ ਜੇਕਰ ਕੋਈ ਪ੍ਰਮੋਟਰ ਦੋ ਤਿਮਾਹੀਂ ਤੋਂ ਵਧੇਰੇ